ਸਰਵ ਸਿੱਖਿਆ ਅਭਿਆਨ, ਪਟਿਆਲਾ

ਪੜ੍ਹੇ ਸਾਰੇ ਵਧੇ ਸਾਰੇ

ਦਫ਼ਤਰ ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,ਪਟਿਆਲਾ।

ਫੋਨ ਨੰ: 0175-2304156, ਫੈਕਸ: 0175-2304156, ਈ.ਮੇਲ.: ssapatiala@yahoo.co.in

ਵੱਲ

ਪ੍ਰਿੰਸੀਪਲ/ਸਕੂਲ ਮੁੱਖੀ
[illegible] ਪਬਲਿਕ ਸਕੂਲ..............,
[illegible]

ਜ਼ਿਲ੍ਹਾ ਪਟਿਆਲਾ।

ਪੱਤਰ ਨੰ: ਸਸਅ/2014/ਆਰ.ਟੀ.ਈ./ਆਰਜੀ ਮਾਨਤਾ/
ਮਿਤੀ: ਪਟਿਆਲਾ/

ਵਿਸ਼ਾ : ਸਕੂਲ ਦਾ ਨਿਰੀਖਣ ਅਤੇ ਆਰਜੀ ਮਾਨਤਾ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦੇ ਸਕੂਲ ਨੇ ਆਰ.ਟੀ.ਈ ਐਕਟ ਦੇ ਨਿਯਮ 2011 ਦੇ ਨਿਯਮ 11 ਸਬ ਰੂਲ 1 ਤਹਿਤ ਆਰ.ਟੀ.ਈ ਐਕਟ 2009 ਅਧੀਨ ਮਾਨਤਾ ਲੈਣ ਲਈ ਫਾਰਮ ਭਰਿਆ ਸੀ। ਆਪ ਦੇ ਸਕੂਲ ਨੂੰ ਇਸ ਦਫਤਰ ਵਲੋਂ ਸ਼ਰਤਾਂ ਤੇ ਆਧਾਰਿਤ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ 2009 ਅਤੇ ਆਪ ਵਲੋਂ ਖਾਮੀਆਂ ਨੂੰ ਦੂਰ ਕਰਨ ਸਬੰਧੀ ਜਮ੍ਹਾਂ ਕਰਵਾਏ ਗਏ ਸਵੈ ਘੋਸ਼ਣਾ ਪੱਤਰ ਅਤੇ ਸਕੂਲ ਲਈ ਮਾਪਦੰਡ ਅਤੇ ਮਿਆਰ ਨੂੰ ਧਿਆਨ ਵਿਚ ਰੱਖਦੇ ਹੋਏ ਮਿਤੀ 31-03-2013 ਤੱਕ ਆਰਜੀ ਮਾਨਤਾ, ਮਾਨਤਾ ਨੰ: ਸਸਅ/ਆਰ.ਟੀ. ਈ/2013../ਆਰਜੀ ਮਾਨਤਾ/0365...... ਰਾਹੀਂ ਦਿੱਤੀ ਗਈ ਸੀ। ਆਪ ਨੂੰ ਦਿੱਤੀ ਗਈ ਮਾਨਤਾ ਵਿੱਚ ਆਪ ਜੀ ਦੇ ਸਕੂਲ ਵਿੱਚ ਪਾਈਆਂ ਗਈਆਂ ਸੁਵਿਧਾਵਾਂ ਅਤੇ ਖਾਮੀਆਂ ਦਰਸਾਈਆਂ ਗਈਆਂ ਸਨ, ਜਿਨ੍ਹਾਂ ਦੀ ਪੂਰਤੀ ਮਿਤੀ 31-03-13 ਤੱਕ ਕਰਨੀ ਲਾਜ਼ਮੀ ਸੀ। ਸਬੰਧਤ ਨਿਰੀਖਣ ਅਧਿਕਾਰੀ ਵਲੋਂ ਮੁੜ ਕਰਵਾਏ ਗਏ ਨਿਰੀਖਣ ਅਤੇ ਆਪ ਵੱਲੋਂ ਜਮ੍ਹਾ ਕਰਵਾਏ ਗਏ ਸਵੈ-ਘੋਸ਼ਣਾ ਪੱਤਰ ਦੇ ਆਧਾਰ ਤੇ ਆਪ ਦੇ ਸਕੂਲ ਦੀ ਆਰਜੀ ਮਾਨਤਾ ਵਿੱਚ ਮਿਤੀ 31-3-2015 ਤੱਕ ਵਾਧਾ ਕੀਤਾ ਜਾਂਦਾ ਹੈ ਅਤੇ ਨਾਲ ਹੀ ਲਿਖਿਆ ਜਾਂਦਾ ਹੈ ਕਿ ਮਿਤੀ 31-03-2015 ਤੋਂ ਪਹਿਲਾਂ ਪਹਿਲਾਂ ਆਪ ਦੇ ਸਕੂਲ ਵਿੱਚ ਐਨ.ਸੀ.ਟੀ.ਈ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਤੇ ਆਰ.ਟੀ.ਈ ਐਕਟ ਵਿੱਚ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਧਿਆਪਕਾਂ ਦੀ ਨਿਯੁਕਤੀ ਕਰਕੇ 31-3-2015 ਤੋਂ ਪਹਿਲਾਂ ਪਹਿਲਾਂ ਸਵੈ-ਘੋਸ਼ਣਾ ਪੱਤਰ ਇਸ ਦਫਤਰ ਵਿਖੇ ਜਮ੍ਹਾ ਕਰਵਾਉਗੇ। ਮਿਥੇ ਸਮੇਂ ਵਿੱਚ ਹਦਾਇਤਾਂ ਅਨੁਸਾਰ ਅਧਿਆਪਕਾਂ ਦੀ ਨਿਯੁਕਤੀ ਨਾ ਕਰਨ ਜਾਂ ਸਵੈ-ਘੋਸ਼ਣਾ ਪੱਤਰ ਜਮ੍ਹਾ ਨਾ ਕਰਵਾਉਣ ਦੀ ਸੂਰਤ ਵਿੱਚ ਆਪ ਦੇ ਸਕੂਲ ਨੂੰ ਦਿੱਤੀ ਗਈ ਆਰਜੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਮਿਤੀ 31-03-2015 ਤੋਂ ਬਾਅਦ ਆਪ ਦੇ ਸਕੂਲ ਨੂੰ ਅੱਗੇ ਚੱਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਪਟਿਆਲਾ।

ਫਾਰਮ : II

ਗ੍ਰਾਮ:

ਫੋਨ: 0175-2304156

ਈਮੇਲ: rtepatiala@gmail.com

ਫੈਕਸ: 0175-2304156

**ਦਫਤਰ ਜ਼ਿਲ੍ਹਾ ਸਿੱਖਿਆ ਅਫਸਰ**
ਪਟਿਆਲਾ

ਨੰ:

ਮਿਤੀ:

ਮੈਨੇਜਰ

**ਵਿਸ਼ਾ:ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ,ਕਾਨੂੰਨ 2009 ਦੇ ਨਿਯਮ 11 ਉਪ ਨਿਯਮ(4) ਤਹਿਤ,ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ,ਕਾਨੂੰਨ 2009 ਦੇ ਉਦੇਸ਼ ਸੈਕਸ਼ਨ(18),ਸਕੂਲ ਲਈ ਮਾਨਤਾ ਸਰਟੀਫਿਕੇਟ**

ਸ਼੍ਰੀ ਮਾਨ/ਸ਼੍ਰੀ ਮਤੀ ਜੀ,

ਆਪ ਦੇ ਬੇਨਤੀ ਪੱਤਰ ਦੇ ਹਵਾਲੇ ਅਤੇ ਇਸੇ ਲਹੇਜੇ ਵਿੱਚ ਸਕੂਲ/ਨਿਰੀਖਣ ਨਾਲ ਲਗਾਤਾਰ ਪੱਤਰ ਵਿਹਾਰ ਅਨੁਸਾਰ,ਮੇਰੇ ਵੱਲੋਂ ਜਮਾਤ ਪਹਿਲੀ ਤੋਂ ਜਮਾਤ ਅੱਠਵੀ ਤੱਕ ਹੈਰੀਟੇਜ਼ ਪਬਲਿਕ ਸਕੂਲ,ਮਾਣਕਪੁਰ, ਡਾਕਖਾਨਾ ਲਹਿਲਾ, ਪਟਿਆਲਾ ਨੂੰ ਮਿਤੀ 31-3-2013 ਤੱਕ ਆਰਜ਼ੀ ਮਾਨਤਾ ਦਿੱਤੀ ਜਾਂਦੀ ਹੈ
ਉਪਰੋਕਤ ਮਨਜ਼ੂਰੀ ਹੇਠ ਸ਼ਰਤਾਂ ਦੀ ਪੂਰਤੀ ਅਨੁਸਾਰ ਹੋਵੇਗੀ।

1. ਅਠਵੀਂ ਜਮਾਤ ਤੋਂ ਅੱਗੇ ਇਹ ਮਾਨਤਾ ਲਾਗੂ ਨਹੀਂ ਹੋਵੇਗੀ।
2. ਸਕੂਲ,ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ,ਕਾਨੂੰਨ 2009,ਅਨੈਕਸਚਰ(1), ਅਤੇ ਅਨੈਕਸਚਰ(2) ਦੀਆਂ ਧਾਰਾਵਾਂ ਦੀਆਂ ਪਾਲਨਾ ਕਰੇਗਾ।
3. ਜਮਾਤਾਂ ਦੇ ਕੁੱਲ ਵਿਦਿਆਰਥੀਆਂ ਦੀ 25 % ਅਨੁਸਾਰ ਸਕੂਲ ਆਪਣੇ ਆਲੇ-ਦੁਆਲੇ ਵਿੱਚੋਂ ਕਮਜ਼ੋਰ ਅਤੇ ਪਛੜੇ ਹੋਏ ਵਿਦਿਆਰਥੀਆਂ ਨੂੰ ਪਹਿਲੀ ਜਮਾਤ ਵਿੱਚ ਦਾਖਲ ਕਰੇਗਾ ਅਤੇ ਉਹਨਾਂ ਦੀ ਮੁਢਲੀ ਸਿੱਖਿਆ ਦੀ ਪੂਰਨਤਾ ਤੱਕ ਮੁਫਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਦੇਵੇਗਾ ਅਤੇ ਲੋੜ ਅਨੁਸਾਰ ਇਨ੍ਹਾਂ ਨਿਯਮਾਂ ਦਾ ਪਾਲਣ ਪ੍ਰੀ ਪ੍ਰਾਇਮਰੀ ਜਮਾਤਾਂ ਵਿਚ ਵੀ ਕਰੇਗਾ।
4. ਪੈਰਾ 3 ਵਿੱਚ ਦਰਸਾਏ ਬੱਚਿਆਂ ਸਬੰਧੀ,ਕਾਨੂੰਨ ਦੇ ਸੈਕਸ਼ਨ 12(2) ਅਨੁਸਾਰ ਸਕੂਲ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ ਅਤੇ ਇਸ ਪ੍ਰਤੀ ਪੂਰਤੀ ਨੂੰ ਪ੍ਰਾਪਤ ਕਰਨ ਲਈ ਸਕੂਲ ਨੂੰ ਇੱਕ ਵੱਖਰਾ ਬੈਂਕ ਖਾਤਾ ਦੇਣਾ ਪਵੇਗਾ।

5. ਸਕੂਲ ਜਾਂ ਸੰਸਥਾ ਕਿਸੇ ਕਿਸਮ ਦੀ ਕੈਪੀਟੇਸ਼ਨ ਫੀਸ ਇੱਕਠੀ ਨੇਹੀਂ ਕਰੇਗਾ ਅਤੇ ਬੱਚੇ ਜਾਂ ਉਸਦੇ ਮਾਤਾ-ਪਿਤਾ/ਗਾਰਡੀਅਨ ਦੀ ਇੰਟਰਵੀਂਓ ਨਹੀਂ ਲਵੇਗਾ।

6. ਸਕੂਲ ਵੱਲੋਂ ਹੇਠ ਲਿਖੇ ਵਿੱਚੋਂ ਦਾਖਲੇ ਲਈ ਮਨਾ ਨਹੀਂ ਕੀਤਾ ਜਾਵੇਗਾ:-
   - ਜਨਮ ਤਰੀਖ ਦਾ ਸਬੂਤ ਨਾ ਹੋਣ ਦੀ ਸੂਰਤ ਵਿੱਚ;
   - ਦਾਖਲਾ ਮਿੱਤੀ ਤੋਂ ਬਾਅਦ ਵਧਾਏ ਸਮੇਂ ਵਿੱਚ;
   - ਧਰਮ,ਜਾਤ-ਪਾਤ,ਜਨਮ ਸਥਾਨ ਦੇ ਅਧਾਰ ਤੇ।

7. ਸਕੂਲ ਯਕੀਨੀ ਬਣਾਵੇ:

(i) ਮੁਢਲੀ ਵਿਦਿਆ ਦੀ ਸੰਪੂਰਨਤਾ ਤੱਕ ਕੋਈ ਵੀ ਬੱਚਾ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਸਕੂਲ ਵਿੱਚ ਉਸ ਦਾ ਨਾਮ ਕਟਿਆ ਜਾਵੇਗਾ।

(ii) ਕਿਸੇ ਵੀ ਬੱਚੇ ਨੂੰ ਸ਼ਰੀਰਿਕ ਸਜ਼ਾ ਜਾਂ ਮਾਨਸਿਕ ਪਰੇਸ਼ਾਨੀ ਨਹੀਂ ਦਿੱਤੀ ਜਾਵੇਗੀ।

(iii) ਮੁਢਲੀ ਵਿਦਿਆ ਦੀ ਪੂਰਨਤਾ ਤੱਕ ਕਿਸੇ ਵੀ ਬੱਚੇ ਨੂੰ ਬੋਰਡ ਦੇ ਇਮਤਿਹਾਨ ਨੂੰ ਦੀ ਲੋੜ ਨਹੀਂ ਹੈ।

(iv) ਨਿਯਮ 21 ਵਿੱਚ ਦਰਸਾਏ ਅਨੁਸਾਰ ਹਰ ਬੱਚਾ ਜੋ ਮੁਢਲੀ ਵਿਦਿਆ ਪੂਰੀ ਕਰੇਗਾ ਉਸ ਨੂੰ ਇਸ ਦਾ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।

(v) ਐਕਟ ਦੀਆਂ ਧਾਰਾਵਾਂ ਅਨੁਸਾਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸ਼ਾਮਲ ਕਰਨਾ।

(vi) ਇਸ ਐਕਟ ਦੇ ਸੈਕਸ਼ਨ 23(1) ਅਧੀਨ ਦਰਸਾਏ ਘੱਟੋ-ਘੱਟ ਯੋਗਤਾ ਵਾਲੇ ਅਧਿਆਪਕ ਭਰਤੀ ਕਰਨਾ ਅਤੇ ਇਸ ਐਕਟ ਦੇ ਸ਼ੁਰੂ ਹੋਣ ਵੇਲੇ ਅਗਰ ਕੋਈ ਅਧਿਆਪਕ ਘੱਟੋ-ਘੱਟ ਯੋਗਤਾ ਨਹੀਂ ਰੱਖਦਾ ਤਾਂ ਉਸਨੂੰ ਪੰਜ ਸਾਲਾਂ ਵਿੱਚ ਇਹ ਹਾਸਲ ਕਰਨੀ ਹੋਵੇਗੀ।

(vii) ਅਧਿਆਪਕ ਵੱਲੋਂ ਇਸ ਐਕਟ ਦੇ ਸੈਕਸ਼ਨ 24(1)ਵਿੱਚ ਦਰਸਾਈਆਂ ਡਿਊਟੀਆਂ ਕਰਨਾ।

(viii) ਅਧਿਆਪਕ ਕਿਸੇ ਵੀ ਕਿਸਮ ਦੀਆਂ ਪ੍ਰਾਈਵੇਟ ਅਧਿਆਪਨ ਕਿਰਿਆਵਾਂ ਵਿੱਚ ਸ਼ਾਮਲ ਨਹੀਂ ਹੋਵੇਗਾ।

(8) ਢੁਕਵੀਂ ਅਥਾਰਟੀ ਵੱਲੋਂ ਘੜਾਏ ਪਾਠਕ੍ਰਮ ਦੇ ਅਧਾਰਿਤ ਸਕੂਲ ਵੱਲੋਂ ਸਿਲੇਬਸ ਕਰਵਾਇਆ ਜਾਵੇਗਾ।

(9) ਐਕਟ ਦੇ ਸੈਕਸ਼ਨ 19 ਵਿੱਚ ਦਰਸਾਏ ਅਨੁਸਾਰ ਸਕੂਲ ਵਿੱਚ ਮੋਜੂਦ ਸੁਵਿਧਾ ਦੀ ਵੰਡ ਵਿੱਚ ਬਰਾਬਰਤਾ ਅਨੁਸਾਰ ਹੀ ਸਕੂਲ ਵਿੱਚ ਬੱਚੇ ਦਾਖਲ ਕੀਤੇ ਜਾਣ।

(13) ਸੰਸਥਾਵਾਂ ਰਜਿਸਟਰੇਸ਼ਨ ਐਕਟ 1860(21 of 1860)ਅਧੀਨ ਜਾਂ ਲੋਕ ਹਿੱਤ ਬਣੇ ਉਸ ਸਮੇਂ ਦੇ ਕਾਨੂੰਨ ਅਧੀਨ ਰਜਿਸਟਰਡ ਸੰਸਥਾਵਾਂ ਵੱਲੋਂ ਸਕੂਲ ਚਲਾਇਆ ਜਾਂਦਾ ਹੋਵੇ।

(14) ਸਕੂਲ ਕਿਸੇ ਵੀ ਇੱਕ ਵਿਅਕਤੀ,ਗਰੁੱਪ ਜਾਂ ਏਸੋਸੀਏਸ਼ਨ ਜਾਂ ਕਿਸੇ ਹੋਰ ਵਿਅਕਤੀ ਦੇ ਮੁਨਾਫੇ ਲਈ ਨਹੀਂ ਚਲ ਰਿਹਾ।

(15) ਨਿਯਮਾਂ ਅਨੁਸਾਰ ਖਾਤਿਆਂ ਦੀ ਸਹੀ ਸਟੇਟਮੈਂਟ ਬਣਾਈ ਜਾਵੇ।ਸੀ.ਏ ਵੱਲੋਂ ਅਕਾਊਂਟ ਆਡਿਟ ਅਤੇ ਤਸਦੀਕ ਕੀਤਾ ਜਾਵੇ।ਹਰੇਕ ਅਕਾਊਂਟ ਦੇ ਸਟੇਟਮੈਂਟ ਦੀ ਕਾਪੀ DEO ਨੂੰ ਹਰ ਸਾਲ ਭੇਜਿਆ ਜਾਵੇ।

(16) ਤੁਹਾਡੇ ਸਕੂਲ ਨੂੰ ਦਿੱਤਾ ਗਿਆ ਮਾਨਤਾ ਨੰ. **ਸਸਅ/2012/ਆਰ.ਟੀ.ਈ./ਆਰਜੀ ਮਾਨਤਾ/**_0365_ ਹੈ।ਇਸ ਨੰਬਰ ਨੂੰ ਸਾਡੇ ਦਫਤਰ ਨਾਲ ਅਗਲੇਰੀ ਗਲਬਾਤ ਲਈ ਵਰਤਿਆ ਜਾਵੇ।

(17) ਸਕੂਲ ਜ਼ਿਲਾ ਸਿੱਖਿਆ ਅਫਸਰ/ਡਾਇਰੈਕਟਰ ਆਫ ਐਜੂਕੇਸ਼ਨ ਵੱਲੋਂ ਸਮੇਂ ਸਮੇਂ ਲੋੜੀਂਦੀਆਂ ਰਿਪੋਰਟਾਂ ਅਤੇ ਜਾਣਕਾਰੀ ਦੇਵੇਗਾ ਅਤੇ ਸਕੂਲ ਦੇ ਕੰਮਾਂ ਵਿੱਚ ਘਾਟਾਂ ਨੂੰ ਕੱਢਣ ਜਾਂ ਰਾਜ ਸਰਕਾਰ/ਸਥਾਨਕ ਅਥਾਰਟੀ ਵਲੋਂ ਜ਼ਾਰੀ ਮਾਨਤਾ ਦੀ ਪੂਰਨਤਾ ਨੂੰ ਜ਼ਾਰੀ ਰੱਖਣ ਸਬੰਧੀ ਸ਼ਰਤਾਂ ਨੂੰ ਮੰਨੇਗਾ।

(18) ਸੰਸਥਾ ਦੇ ਰਜਿਸਟ੍ਰੇਸ਼ਨ ਨੂੰ ਨਵਿਆਉਣਾ,ਜੇ ਕੋਈ ਹੈ।

(19) ਅਨੈਕਸਚਰ 3 ਅਨੁਸਾਰ ਹੋਰ ਸ਼ਰਤਾਂ ਨਾਲ ਨੱਥੀ ਹਨ।

ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਪਟਿਆਲਾ।